# ਸੂਚਨਾ ਪੱਤਰ

ਤੁਰੰਤ ਜਾਰੀ ਕਰਨ ਲਈ
2022TRAN0039-000720
9 ਮਈ, 2022

ਆਵਾਜਾਈ ਅਤੇ ਬੁਨਿਆਦੀ ਢਾਂਚਾ ਮੰਤਰਾਲਾ

## ਸੂਬੇ ਵੱਲੋਂ ਸਰ੍ਹੀ ਲੈਂਗਲੀ ਸਕਾਈ ਟਰੇਨ ਸ਼ਮੂਲੀਅਤ ਦੀ ਸ਼ੁਰੂਆਤ

ਸਰ੍ਹੀ – ਜਨਤਾ ਨੂੰ 30 ਸਾਲਾਂ ਵਿੱਚ ਸਾਊਥ ਆਫ ਦ ਫਰੇਜ਼ਰ ਰੀਵਰ ਦੇ ਪਹਿਲੇ ਰੈਪਿਡ ਆਵਾਜਾਈ ਪ੍ਰੋਜੈਕਟ 'ਤੇ ਆਪਣੀ ਗੱਲ ਕਹਿਣ ਲਈ ਸੱਦਾ ਦਿੱਤਾ ਗਿਆ ਹੈ।

ਸਰ੍ਹੀ ਲੈਂਗਲੀ ਸਕਾਈ ਟਰੇਨ ਪ੍ਰੋਜੈਕਟ ਪੂਰੇ ਮੈਟਰੋ ਵੈਨਕੂਵਰ ਵਿੱਚ ਹਜ਼ਾਰਾਂ ਲੋਕਾਂ ਲਈ ਉੱਚ-ਗੁਣਵੱਤਾ, ਘੱਟ ਲਾਗਤ ਵਾਲੀ ਆਵਾਜਾਈ ਪ੍ਰਦਾਨ ਕਰੇਗਾ।

ਨਵੀਂ ਸਰ੍ਹੀ ਲੈਂਗਲੀ ਸਕਾਈਟਰੇਨ ਲਈ ਜਨਤਕ ਸ਼ਮੂਲੀਅਤ ਸੋਮਵਾਰ, 9 ਮਈ, 2022 ਨੂੰ ਸ਼ੁਰੂ ਹੋ ਕੇ 9 ਜੂਨ ਤੱਕ ਚੱਲੇਗੀ। ਜਨਤਾ ਦੇ ਮੈਂਬਰਾਂ ਲਈ ਸਰ੍ਹੀ ਵਿੱਚ 25 ਮਈ ਅਤੇ ਲੈਂਗਲੇ ਵਿੱਚ 31 ਮਈ ਨੂੰ ਓਪਨ ਹਾਊਸ ਨਿਯਤ ਕੀਤੇ ਗਏ ਹਨ।

ਵਧੇਰੇ ਜਾਣਕਾਰੀ ਲਈ ਅਤੇ ਇਸ ਜਨਤਕ ਸਲਾਹ-ਮਸ਼ਵਰੇ ਵਿੱਚ ਹਿੱਸਾ ਲੈਣ ਲਈ ਪ੍ਰੋਜੈਕਟ ਦੀ ਵੈੱਬਸਾਈਟ ਵੇਖੋ: www.gov.bc.ca/surreylangleyskytrain

ਸਰ੍ਹੀ ਲੈਂਗਲੀ ਸਕਾਈ ਟਰੇਨ ਮੈਟਰੋ ਵੈਨਕੂਵਰ ਦੇ ਲੋਕਾਂ ਲਈ ਖਾਸ ਤੌਰ 'ਤੇ ਫਰੇਜ਼ਰ ਵੈਲੀ ਵਿੱਚ ਤੇਜ਼ੀ ਨਾਲ ਵਧ ਰਹੇ ਭਾਈਚਾਰਿਆਂ ਲਈ ਆਵਾਜਾਈ ਅਨੁਭਵ ਨੂੰ ਬਦਲ ਦੇਵੇਗੀ। ਇਹ ਪ੍ਰੋਜੈਕਟ ਲੋਅਰ ਮੇਨਲੈਂਡ ਲਈ ਟਿਕਾਊ ਅਤੇ ਘੱਟ ਲਾਗਤ ਵਾਲੇ ਆਵਾਜਾਈ ਵਿਕਲਪ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ, ਜਦਕਿ ਸਰ੍ਹੀ ਅਤੇ ਫਰੇਜ਼ਰ ਵੈਲੀ ਵਿੱਚ ਲੋਕਾਂ ਲਈ ਆਵਾਜਾਈ-ਮੁਖੀ ਵਿਕਾਸ, ਨਵੇਂ ਰਿਹਾਇਸ਼ ਅਤੇ ਆਰਥਿਕ ਵਿਕਾਸ ਦੇ ਮੌਕੇ ਪ੍ਰਦਾਨ ਕਰੇਗਾ।

ਇਹ ਪ੍ਰੋਜੈਕਟ ਮੌਜੂਦਾ ਐਕਸਪੋ ਲਾਈਨ ਨੂੰ ਲੈਂਗਲੀ ਸ਼ਹਿਰ ਵਿੱਚ ਕਿੰਗ ਜਾਰਜ ਸਕਾਈ ਟਰੇਨ ਤੋਂ 203 ਸਟਰੀਟ ਤੱਕ 16 ਕਿਲੋਮੀਟਰ ਤੱਕ ਵਧਾਏਗਾ। ਇਹ ਐਕਸਟੈਂਸ਼ਨ ਮੁੱਖ ਤੌਰ 'ਤੇ ਫਰੇਜ਼ਰ ਹਾਈਵੇਅ ਦੇ ਨਾਲ ਇੱਕ ਉੱਚੇ ਗਾਈਡਵੇਅ 'ਤੇ ਚੱਲੇਗਾ, ਰੂਟ ਦੇ ਨਾਲ ਅੱਠ ਨਵੇਂ ਸਟੇਸ਼ਨ ਅਤੇ ਤਿੰਨ ਨਵੇਂ ਬੱਸ ਐਕਸਚੇਂਜ ਨੂੰ ਜੋੜੇਗਾ।ਇੱਕ ਵਾਰ ਪੂਰਾ ਹੋਣ 'ਤੇ ਲੈਂਗਲੀ ਸਿਟੀ ਸੈਂਟਰ ਤੋਂ ਕਿੰਗ ਜਾਰਜ ਸਟੇਸ਼ਨ ਤੱਕ ਸਫ਼ਰ ਦਾ ਸਮਾਂ ਲਗਭਗ 22 ਮਿੰਟ ਦਾ ਹੋਵੇਗਾ ਅਤੇ ਲੈਂਗਲੀ ਸਿਟੀ ਸੈਂਟਰ ਤੋਂ ਵਾਟਰਫਰੰਟ ਸਟੇਸ਼ਨ ਤੱਕ ਸਿਰਫ਼ ਇੱਕ ਘੰਟੇ ਤੋਂ ਵੱਧ ਦਾ ਸਮਾਂ ਹੋਵੇਗਾ।

ਸਰ੍ਹੀ ਲੈਂਗਲੀ ਸਕਾਈ ਟਰੇਨ 2028 ਦੇ ਅਖੀਰ ਵਿੱਚ ਮੁਕੰਮਲ ਹੋਣ ਲਈ ਤਹਿ ਕੀਤੀ ਗਈ ਹੈ, ਜੋ ਪਹਿਲੇ ਅਨੁਮਾਨ ਤੋਂ ਦੋ ਸਾਲ ਪਹਿਲਾਂ ਹੈ।

**ਸੰਪਰਕ:**
ਆਵਾਜਾਈ ਅਤੇ ਬੁਨਿਆਦੀ ਢਾਂਚਾ ਮੰਤਰਾਲਾ
ਮੀਡੀਆ ਰਿਲੇਸ਼ਨਜ਼
ਗੋਰਮਿੰਟ ਕਮਿਊਨੀਕੇਸ਼ਨਜ਼ ਅਤੇ ਪਬਲਿਕ ਇਨਗੇਜਮੈਂਟ
250 356-8241